**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

**ਵੱਲ**

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿੱ.),

ਸਮੂਹ ਡਾਇਟ ਪ੍ਰਿੰਸੀਪਲ,

ਮੀਮੋ ਨੰ:- 1/7-2017 ਟ੍ਰੇਨਿੰਗ ਮਿਤੀ:- 28-10-2017

**ਵਿਸ਼ਾ: 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ-ਵਿਗਿਆਨ' ਨਾਲ ਸਬੰਧੀ।**

**1.0** ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੁਆਰਾ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ-ਵਿਗਿਆਨ' ਪ੍ਰੋਜੈਕਟ ਸਮੂਹ ਅਪਰ ਪ੍ਰਾਇਮਰੀ ਸਕੂਲਾਂ ਵਿੱਚ ਵਿਗਿਆਨ ਵਿਸ਼ੇ ਦੇ ਗੁਣਾਤਮਿਕ ਸੁਧਾਰ ਪੱਖੋਂ ਚਲਾਇਆ ਜਾ ਰਿਹਾ ਹੈ। ਇਸ ਪ੍ਰਾਜੈਕਟ ਅਧੀਨ ਵਿਗਿਆਨ ਵਿਸ਼ੇ ਨਾਲ ਸਬੰਧਤ 6ਵੀਂ ਤੋਂ 8ਵੀਂ ਜਮਾਤ ਨੂੰ ਵਿਗਿਆਨ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ ।

1.0 ਇਸ ਪ੍ਰੋਜੈਕਟ ਦੀ ਸੰਖੇਪ ਰੂਪ-ਰੇਖਾ ਹੇਠ ਲਿਖੇ ਅਨੁਸਾਰ ਹੈ:-

- Teacher training
- Baseline Evaluation of students
- Pre-fair Activities
- Fair
- Practice sheets
- Endline evaluation of students

1.1 ਅਪਰ ਪ੍ਰਾਇਮਰੀ ਸਕੂਲਾਂ ਵਿੱਚ Baseline Evaluation ਦਾ ਕੰਮ ਚਲ ਰਿਹਾ ਹੈ ।ਇਹ Evaluation ਹਰ ਵਿਦਿਆਰਥੀ(6ਵੀਂ ਤੋਂ 8ਵੀਂ ਜਮਾਤ) ਦੀ ਕੀਤੀ ਜਾਣੀ ਹੈ।ਇਥੇ ਇਹ ਵਰਣਨਯੋਗ ਹੈ ਕਿ Baseline Evaluation ਦੀ monitiring ਵੀ ਕੀਤੀ ਜਾਵੇ ।

1.2 Baseline Evaluation ਤੋਂ ਬਾਅਦ pre-fair activities ਅਤੇ fair ਦਾ ਕੰਮ ਸਮੂਹ ਸਕੂਲਾਂ ਵਿੱਚ ਸ਼ੁਰੂ ਕੀਤਾ ਜਾਣਾ ਹੈ ।Pre-fair activities ਵਿੱਚ ਅਧਿਆਪਕ ਵਿਦਿਆਰਥੀਆਂ(6ਵੀਂ ਤੋਂ 8ਵੀਂ ਜਮਾਤ) ਨੂੰ 39 ਕ੍ਰਿਆਂਵਾਂ ਦੀ ਤਿਆਰੀ ਕਰਵਾਉਣਗੇਂ ।ਇਹ ਤਿਆਰੀ 5 ਤੋਂ 8 ਦਿਨਾਂ ਤੱਕ ਚਲੇਗੀ ਅਤੇ ਸਕੂਲ ਮੁੱਖੀ ਅਤੇ ਹੋਰ ਸਟਾਫ ਦੁਆਰਾ ਸਾਇੰਸ ਅਧਿਆਪਕਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ ।Pre-fair activities ਤੋਂ ਬਾਅਦ ਅਗਲੇ ਦਿਨ ਸਕੂਲ ਵਿੱਚ ਫੇਅਰ ਦਾ ਆਯੋਜਨ ਕੀਤਾ ਜਾਣਾ ਹੈ ।

1.3 Pre-fair activities ਅਤੇ fair ਦਾ ਸੰਪੂਰਨ ਕੈਲੰਡਰ ਜ਼ਿਲ੍ਹਾ ਮੈਂਟਰ(ਸਾਇੰਸ) ਦੁਆਰਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਅਤੇ ਪ੍ਰਿੰਸੀਪਲ ਡਾਇਟ ਨੂੰ ਦਿੱਤਾ ਜਾਵੇਗਾ ।Pre-fair activities ਅਤੇ fair ਦਾ ਸੰਪੂਰਨ ਕੰਮ ਮਿਤੀ 6/11/2017 ਤੋਂ ਸ਼ੁਰੂ ਕਰਦੇ ਹੋਏ ਮਿਤੀ 15/12/2017 ਤੱਕ

ਮੁਕੰਮਲ ਕਰ ਲਿਆ ਜਾਵੇ । ਇਹ pre-fair activities ਦੁਪਿਹਰ ਤੋਂ ਬਾਅਦ ਵਾਲੇ ਪੀਰੀਅਡ ਵਿੱਚ ਕਰਵਾਈਆਂ ਜਾਣ ਅਤੇ ਇਸ ਲਈ ਤਿੰਨ ਪੀਰੀਅਡ(6ਵੀਂ ਤੋਂ 8ਵੀਂ ਜਮਾਤ) ਇਕੱਠੇ ਕਰ ਲਏ ਜਾਣ ।

1.4 ਇਸ ਪ੍ਰੋਜੈਕਟ ਅਧੀਨ 39 ਕ੍ਰਿਆਵਾਂ ਕਰਵਾਈਆਂ ਜਾਣੀਆਂ ਹਨ, ਜਿਸ ਵਿਚ ਜਲਨਸ਼ੀਲ ਵਸਤਾਂ ਦੀ ਵਰਤੋਂ ਕੀਤੀ ਜਾਣੀ ਹੈ ਜਿਸ ਲਈ ਵਿਸ਼ੇਸ਼ ਸਾਵਧਾਨੀਆਂ ਜੋ ਹੇਠ ਲਿਖੇ ਅਨੁਸਾਰ ਹਨ ਦਾ ਧਿਆਨ ਰੱਖਿਆ ਜਾਵੇ :-

- Heat ਨਾਲ ਸਬੰਧਤ ਕ੍ਰਿਆਵਾਂ ਲਈ ਡਬਲ ਬੈਂਚ ਦੀ ਵਰਤੋਂ ਕੀਤੀ ਜਾਵੇ।
- Heat ਨਾਲ ਸਬੰਧਤ ਕ੍ਰਿਆਵਾਂ ਤੇ ਵਿਗਿਆਨ ਵਿਸ਼ੇ ਤੋਂ ਇਲਾਵਾ ਹੋਰ ਵਿਸ਼ੇ ਅਧਿਆਪਕ ਦੀ ਡਿਊਟੀ ਲਗਾਈ ਜਾਵੇ ਜੋ ਫੇਅਰ ਵਾਲੇ ਦਿਨ ਪੂਰਾ ਸਮਾਂ ਉੱਥੇ ਮੌਜੂਦ ਰਹੇਗਾ। ਇਸ ਡਿਊਟੀ ਦਾ ਇੰਦਰਾਜ ਆਰਡ ਬੁੱਕ ਵਿਚ ਵੀ ਦਰਜ ਕੀਤਾ ਜਾਵੇਗਾ।
- Heat ਨਾਲ ਸਬੰਧਤ ਕ੍ਰਿਆਵਾਂ ਲਈ ਰੇਤ ਅਤੇ ਪਾਣੀ ਨਾਲ ਭਰੀ ਬਾਲਟੀ ਰੱਖੀ ਜਾਵੇ।

ਫੇਅਰ ਵਾਲੇ ਦਿਨ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਕੂਲ ਵਿਚ ਬੁਲਾਇਆ ਜਾਵੇ ਅਤੇ ਉਨ੍ਹਾਂ ਨੂੰ ਫੇਅਰ ਦੇ ਦੌਰਾਨ ਵਿਗਿਆਨ ਪ੍ਰਤੀ ਜਾਣਕਾਰੀ ਮੁਹਈਆ ਕਰਵਾਈ ਜਾਵੇ।

**ਸੱਕਤਰ ਸਕੂਲ ਸਿਖਿਆ ,ਪੰਜਾਬ**

ਪਿੱਠ ਅੰਕਣ ਨੰ. ਉਕਤ ਮਿਤੀ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਡੀ.ਪੀ.ਆਈ (ਸੈ.ਸਿੱ.), ਪੰਜਾਬ
2. ਸਮੂਹ ਸਕੂਲ ਮੁਖੀ
3. ਜ਼ਿਲ੍ਹਾ ਮੈਂਟਰ-ਸਾਇੰਸ

**ਸੱਕਤਰ ਸਕੂਲ ਸਿਖਿਆ ,ਪੰਜਾਬ**